# ਨੋਟਿਸ

**ਮਿਤੀ 13.09.2024**

ਵਿਸ਼ਾ- ਸਾਲ 2015 ਅਤੇ ਉਸ ਤੋਂ ਬਾਅਦ ਦੀਆਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆ ਦੇ ਰੀਵਿਊ ਸਬੰਧੀ।

**ਮਿਤੀ 16.08.2024 ਦੇ ਪਬਲਿਕ ਨੋਟਿਸ ਦੀ ਲਗਾਤਾਰਤਾ ਵਿੱਚ-**

1. ਮਿਤੀ 16.08.2024 ਦੇ ਨੋਟਿਸ ਰਾਹੀਂ ਸਮੂਹ ਜਿ.ਸਿ.ਅ. (ਐਸਿ) ਰਾਹੀਂ ਮਿਤੀ 02.09.2024 ਤੱਕ ਭਰਤੀਆਂ ਦੇ ਰਜਿਸਟਰ ਤੇ ਇਤਰਾਜ ਮੰਗੇ ਗਏ ਸਨ, ਪ੍ਰੰਤੂ ਹੁਣ ਤੱਕ ਕੇਵਲ ਹੇਠ ਲਿਖੇ ਜਿਲਿਆਂ ਤੋਂ ਸੂਚਨਾਂ / ਰਿਕਾਰਡ ਪ੍ਰਾਪਤ ਹੋਇਆ ਹੈ-

   (i) ਅੰਮ੍ਰਿਤਸਰ
   (ii) ਫਤਿਹਗੜ੍ਹ ਸਾਹਿਬ
   (iii) ਮੋਗਾ
   (iv) ਸ੍ਰੀ ਮੁਕਤਸਰ ਸਾਹਿਬ
   (v) ਪਠਾਨਕੋਟ
   (vi) ਸਭਸ ਨਗਰ
   (vii) ਗੁਰਦਾਸਪੁਰ।

2. ਉਕਤ ਤੋਂ ਇਲਾਵਾ ਹੋਰ ਕਿਸੇ ਜਿਲੇ ਤੋਂ ਸੂਚਨਾਂ / ਰਿਕਾਰਡ ਪ੍ਰਾਪਤ ਨਹੀਂ ਹੋਇਆ।
3. ਮਿਤੀ 16.08.2024 ਦੇ ਨੋਟਿਸ ਰਾਹੀਂ ਵਰਣਿਤ ਕੋਰਟ ਕੇਸਾਂ ਦੀ ਗੰਭੀਰ ਸਥਿਤੀ ਨੂੰ ਮੁੱਖ ਰੱਖਦਿਆਂ ਲਿਖਿਆ ਜਾਂਦਾ ਹੈ ਕਿ ਜਿੰਨਾਂ ਜਿਲਿਆਂ ਤੋਂ ਸੂਚਨਾਂ ਨਹੀਂ ਭੇਜੀ ਗਈ, ਉਨ੍ਹਾਂ ਨੂੰ ਸੂਚਨਾਂ / ਰਿਕਾਰਡ ਭੇਜਣ ਲਈ ਮਿਤੀ 16.09.2024 ਬਾਅਦ ਦੁਪਿਹਰ 5.00 ਵਜੇ ਤੱਕ ਦਾ ਆਖਿਰੀ ਮੌਕਾ ਦਿੱਤਾ ਜਾਂਦਾ ਹੈ। ਇਸ ਉਪਰੰਤ ਕਿਸੇ ਵੀ ਜਿਲੇ ਤੋਂ ਆਨ-ਲਾਈਨ / ਆਫ-ਲਾਈਨ ਸੂਚਨਾਂ / ਰਿਕਾਰਡ ਪ੍ਰਾਪਤ ਨਹੀਂ ਕੀਤਾ ਜਾਵੇਗਾ ਅਤੇ ਇਹ ਮੰਨ ਲਿਆ ਜਾਵੇਗਾ ਕਿ ਉਨਾਂ ਦੇ ਜਿਲੇ ਨਾਲ ਸਬੰਧਤ ਸੂਚਨਾਂ ਨਿੱਲ ਹੈ, ਭਾਵ ਪਬਲਿਕ ਨੋਟਿਸ ਮਿਤੀ 16.08.2024 ਰਾਹੀਂ ਭੇਜਿਆ ਗਏ ਭਰਤੀਆਂ ਦੇ ਰਿਕਾਰਡ ਸਬੰਧੀ ਉਨਾਂ ਨੂੰ ਕੋਈ ਇਤਰਾਜ ਨਹੀਂ ਹੈ।
4. ਉਕਤ ਅਨੁਸਾਰ ਜੋ ਵੀ ਸੂਚਨਾਂ / ਰਿਕਾਰਡ ਮੁੱਖ ਦਫ਼ਤਰ ਨੂੰ ਪ੍ਰਾਪਤ ਹੋਇਆ ਹੈ ਅਤੇ ਜੋ ਵੀ ਮਿਤੀ 16.09.2024 ਬਾਅਦ ਦੁਪਿਹਰ 5.00 ਵਜੇ ਤੱਕ ਪ੍ਰਾਪਤ ਹੋਵੇਗਾ, ਉਸੇ ਦੇ ਆਧਾਰ ਤੇ ਭਰਤੀਆਂ ਦਾ ਰਜਿਸਟਰ ਮੁਕੰਮਲ ਕਰਦਿਆਂ ਸਾਲ 2015 ਅਤੇ ਇਸ ਤੋਂ ਬਾਅਦ ਦੀਆਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਦੇ ਰੀਵਿਊ ਦੀ ਕਾਰਵਾਈ ਮੁਕੰਮਲ ਕਰ ਲਈ ਜਾਵੇਗੀ। ਇਹ ਵੀ ਸਪੱਸ਼ਟ ਰੂਪ ਵਿੱਚ ਲਿਖਿਆ ਜਾਂਦਾ ਹੈ ਕਿ ਜੇਕਰ ਕੋਈ ਵੀ ਇਤਰਾਜ, ਜਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵੱਲੋਂ ਮੁੱਖ ਦਫ਼ਤਰ ਨੂੰ ਨਾ ਭੇਜਣ ਕਰਕੇ ਕੇਸ ਡੀਲ ਹੋਣ ਤੋਂ ਰਹਿ ਜਾਂਦਾ ਹੈ ਅਤੇ ਭਵਿੱਖ ਵਿੱਚ ਫੇਰ ਤੋਂ ਕਿਸੇ ਕਾਨੂੰਨੀ ਅੜਚਨ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੀ ਪੂਰਨ ਤੌਰ ਤੇ ਜਿੰਮੇਵਾਰੀ ਸਬੰਧਤ ਜਿਲਾ ਸਿੱਖਿਆ ਅਫ਼ਸਰ (ਐਸਿ) ਅਤੇ ਸਬੰਧਤ ਡੀਲਿੰਗ ਸਹਾਇਕ ਦੀ ਹੋਵੇਗੀ।
5. ਜੇਕਰ ਕਿਸੇ ਵੀ ਜਿਲੇ ਤੋਂ ਰਜਿਸਟਰਡ ਜਾਂ ਆਨ-ਲਾਈਨ (ਮੇਲ ਆਦਿ ਰਾਹੀਂ) ਕੋਈ ਸੂਚਨਾਂ / ਰਿਕਾਰਡ ਭੇਜਿਆ ਗਿਆ ਤਾਂ ਸਬੰਧਤ ਜਿਲੇ ਦੇ ਜਿੰਮੇਵਾਰ ਅਧਿਕਾਰੀਆਂ / ਕਰਮਚਾਰੀਆਂ ਵਿਰੁੱਧ ਨਿਯਮਾਂ ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)
ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।